**ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ।**
**ਪਰਿਵਾਰ ਭਲਾਈ ਭਵਨ, ਸੈਕਟਰ-34, ਚੰਡੀਗੜ੍ਹ,**
**ਅਮਲਾ-10 ਸ਼ਾਖਾ**
**ਦਫਤਰੀ ਹੁਕਮ**

ਨੰ. ਈ-10(1)ਪੰ:19/ ਮਿਤੀ

ਸਿਹਤ ਵਿਭਾਗ ਅਧੀਨ 1263 ਮ.ਪ.ਹ.ਵ (ਮੇਲ) ਦੀ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕਰਦੇ ਹੋਏ 1162 ਯੋਗ ਉਮੀਦਵਾਰਾਂ ਨੂੰ ਹੁਕਮ ਨੰ. 1972 ਮਿਤੀ 05-11-18 ਰਾਂਹੀ ਨਿਯੁਕਤੀ ਦੀ ਪੇਸ਼ਕਸ਼ ਕੀਤੀ ਗਈ ਸੀ । ਇਸ ਨਿਯੁਕਤੀ ਪੱਤਰ ਵਿੱਚ 30 ਦਿਨਾਂ ਦੇ ਅੰਦਰ ਅੰਦਰ ਹਾਜ਼ਰੀ ਰਿਪੋਰਟ ਪੇਸ਼ ਕਰਨ ਦੀ ਸ਼ਰਤ ਲਗਾਈ ਗਈ ਸੀ। ਇਸ ਨਿਯੁਕਤੀ ਪੱਤਰ ਵਿੱਚ ਹੇਠ ਦਰਸਾਏ ਵੇਰਵੇ ਅਨੁਸਾਰ ਦੋ ਉਮੀਦਵਾਰਾਂ ਨੂੰ ਵੀ ਨਿਯੁਕਤੀ ਦੀ ਪੇਸ਼ਕਸ਼ ਕੀਤੀ ਗਈ ਸੀ:-

| ਲੜੀ ਨੰ. | ਉਮੀਦਵਾਰ ਦਾ ਨਾਮ/ਪਿਤਾ ਦਾ ਨਾਮ | ਰੋਲ ਨੰਬਰ | ਪਤਾ | ਨਿਯੁਕਤੀ ਪੱਤਰ ਵਿੱਚ ਲੜੀ ਨੰ. |
|---|---|---|---|---|
| 1 | ਸ੍ਰੀ ਸਰਬਜੀਤ ਲਾਲ ਪੁੱਤਰ ਸ੍ਰੀ ਰਾਂਝਾ ਰਾਮ, | 333484 | ਪਿੰਡ ਅਸਪਾਲ, ਤਹਿ. ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ | 118 |
| 2 | ਸ੍ਰੀ ਜਗਮੀਤ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ | 334536 | ਮਕਾਨ ਨੰ. 19673, ਗਲੀ ਨੰ. 9, ਅਜੀਤ ਰੋਡ ਬਠਿੰਡਾ | 385 |

ਉਕਤ ਦੋਵਾਂ ਉਮੀਦਵਾਰਾਂ ਸਬੰਧੀ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ (ਪੱਤਰ ਨੰ. 17011 ਮਿਤੀ 19-12-18) ਅਤੇ ਸਿਵਲ ਸਰਜਨ ਬਠਿੰਡਾ (ਪੱਤਰ ਨੰ. 1969 ਮਿਤੀ 19-12-18) ਵੱਲੋਂ ਇਹ ਸੂਚਿਤ ਕੀਤਾ ਗਿਆ ਕਿ ਇਹ ਉਮੀਦਵਾਰ 30 ਦਿਨਾਂ ਦੇ ਨਿਰਧਾਰਤ ਸਮੇਂ ਅੰਦਰ ਹਾਜ਼ਰ ਨਹੀ ਹੋਏ। ਨਿਯੁਕਤੀ ਪੱਤਰ ਵਿੱਚ ਇਹ ਸ਼ਰਤ ਲਗਾਈ ਗਈ ਸੀ ਕਿ ਦਫਤਰੀ ਹੁਕਮ ਮਿਤੀ 05-11-18 ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ ਹਾਜ਼ਰੀ ਰਿਪੋਰਟ ਪੇਸ਼ ਨਾ ਕਰਨ ਦੀ ਸੂਰਤ ਵਿੱਚ ਨਿਯੁਕਤੀ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ। ਹਾਲਾਂਕਿ ਇਹ ਮਿਆਦ ਮਿਤੀ 05-12-18 ਨੂੰ ਸਮਾਪਤ ਹੋ ਗਈ ਸੀ, ਫਿਰ ਵੀ ਕੁਦਰਤੀ ਨਿਆਂ ਦੇ ਸਨਮੁੱਖ ਦੋਵਾਂ ਉਮੀਦਵਾਰਾਂ ਨੂੰ ਰਜਿਸਟਰਡ ਪੱਤਰ ਨੰ. 351 ਅਤੇ 352 ਮਿਤੀ 07-02-19 ਰਾਂਹੀ ਇਹ ਸੂਚਿਤ ਕੀਤਾ ਗਿਆ ਕਿ ਉਹਨਾਂ ਦੀ ਬਤੌਰ ਮ.ਪ.ਹ.ਵ (ਮੇਲ) ਨਿਯੁਕਤੀ ਦੀ ਪੇਸ਼ਕਸ਼ ਰੱਦ ਕਰਨ ਦੀ ਤਜਵੀਜ਼ ਹੈ। ਜੇਕਰ ਉਹ ਪ੍ਰਤੀਕ੍ਰਮ ਪੇਸ਼ ਕਰਨਾ ਚਾਹੁੰਦੇ ਹਨ ਤਾਂ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿਹਤ ਸੇਵਾਵਾਂ (ਪ.ਭ), ਪੰਜਾਬ ਦੇ ਸਨਮੁੱਖ ਨਿੱਜੀ ਤੌਰ ਤੇ ਪੇਸ਼ ਹੋ ਕੇ ਕਰ ਸਕਦੇ ਹਨ। ਉਸ ਉਪਰੰਤ ਵੀ ਮਿਤੀ 22-02-19 ਨੂੰ 15 ਦਿਨਾਂ ਦਾ ਸਮਾਂ ਬੀਤਣ ਉਪਰੰਤ ਵੀ ਦੋਵੇ ਉਮੀਦਵਾਰ ਨਿੱਜੀ ਤੌਰ ਤੇ ਪੇਸ਼ ਹੋ ਕੇ ਸੂਚਿਤ ਕਰਨ ਤੋਂ ਅਸਮਰਥ ਰਹੇ ਹਨ।

ਉਕਤ ਦਰਸਾਈ ਸਥਿਤੀ ਦੇ ਸਨਮੁੱਖ ਉਕਤ ਲੜੀ ਨੰ. 1 ਅਤੇ 2 ਤੇ ਦਰਸਾਏ ਦੋਵਾਂ ਉਮੀਦਵਾਰਾਂ ਨੂੰ ਇਸ ਦਫਤਰ ਦੇ ਹੁਕਮ ਨੰ. 1972 ਮਿਤੀ 05-11-18 ਰਾਂਹੀ ਬਤੌਰ ਮ.ਪ.ਹ.ਵ (ਮੇਲ) ਕੀਤੀ ਨਿਯੁਕਤੀ ਦੀ ਪੇਸ਼ਕਸ਼ ਰੱਦ ਕੀਤੀ ਜਾਂਦੀ ਹੈ।

Sd/-
ਡਾਇਰੈਕਟਰ ਸਿਹਤ ਸੇਵਾਵਾਂ (ਪ.ਭ), ਪੰਜਾਬ

ਪਿੱਠ ਅੰਕਣ ਨੰ. ਈ-10(1)ਪੰ:19/ 532-36 ਮਿਤੀ 25-02-19
ਉਤਾਰਾ:

1) ਸਿਵਲ ਸਰਜਨ, ਸ੍ਰੀ ਮੁਕਤਸਰ ਸਾਹਿਬ ਨੂੰ ਉਹਨਾਂ ਦੇ ਪੱਤਰ ਨੰ. 17011 ਮਿਤੀ 19-12-18 ਦੇ ਹਵਾਲੇ ਵਿੱਚ,
2) ਸਿਵਲ ਸਰਜਨ, ਬਠਿੰਡਾ ਨੂੰ ਉਹਨਾਂ ਦੇ ਪੱਤਰ ਨੰ. 1969 ਮਿਤੀ 19-12-18 ਦੇ ਹਵਾਲੇ ਵਿੱਚ,
3) ਸ੍ਰੀ ਸਰਬਜੀਤ ਲਾਲ ਪੁੱਤਰ ਸ੍ਰੀ ਰਾਂਝਾ ਰਾਮ, ਰੋਲ ਨੰ. 333484, ਪਿੰਡ ਅਸਪਾਲ, ਤਹਿ. ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ
4) ਸ੍ਰੀ ਜਗਮੀਤ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਰੋਲ ਨੰ. 334536, ਮਕਾਨ ਨੰ. 19673, ਗਲੀ ਨੰ. 9, ਅਜੀਤ ਰੋਡ ਬਠਿੰਡਾ
5) ਸਿਸਟਮ ਐਨਾਲਿਸਟ ਦਫਤਰ ਡੀ.ਐਚ.ਐਸ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਦਫਤਰੀ ਹੁਕਮ ਸੂਚਨਾ ਸਿਹਤ ਵਿਭਾਗ ਦੀ ਵੈੱਬਸਾਈਟ ਤੇ ਤੁਰੰਤ ਅਪਲੋਡ ਕਰ ਦਿੱਤੀ ਜਾਵੇ।

ਡਾਇਰੈਕਟਰ ਸਿਹਤ ਸੇਵਾਵਾਂ (ਪ.ਭ), ਪੰਜਾਬ